15ਵੀਂ ਵਿਧਾਨ ਸਭਾ
ਗਿਆਰਵਾਂ ਸਮਾਗਮ, 2020

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ. 1

### ਵੀਰਵਾਰ, 20 ਫਰਵਰੀ, 2020
### (11.00 ਵਜੇ ਸਵੇਰ ਤੋਂ 04.25 ਵਜੇ ਸ਼ਾਮ ਤੱਕ)

1. **ਅਕਾਲ ਚਲਾਣਿਆਂ ਦਾ ਵਰਣਨ**

ਮਾਨਯੋਗ ਸਪੀਕਰ ਵੱਲੋਂ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਗਿਆ :-

1. ਚੌਧਰੀ ਖੁਰਸ਼ੀਦ ਅਹਿਮਦ, ਸਾਬਕਾ ਐਮ.ਐਲ.ਏ, ਜੁਆਇੰਟ ਪੰਜਾਬ;
2. ਸ਼੍ਰੀ ਰਾਜ ਕੁਮਾਰ ਗੁਪਤਾ, ਸਾਬਕਾ ਐਮ.ਐਲ.ਏ;
3. ਸ਼੍ਰੀ ਅਸ਼ਵਨੀ ਕੁਮਾਰ ਚੋਪੜਾ, ਸੀਨੀਅਰ ਪੱਤਰਕਾਰ;
4. ਸ਼੍ਰੀ ਗੁਰਦੇਵ ਸਿੰਘ, ਸੁਤੰਤਰਤਾ ਸੰਗਰਾਮੀ;
5. ਸ਼੍ਰੀ ਦਰਬਾਰਾ ਸਿੰਘ, ਸੁਤੰਤਰਤਾ ਸੰਗਰਾਮੀ;
6. ਡਾਕਟਰ ਦਲੀਪ ਕੌਰ ਟਿਵਾਣਾ, ਮਹਾਨ ਪੰਜਾਬੀ ਲੇਖਕ;
7. ਡਾਕਟਰ ਜਸਵੰਤ ਸਿੰਘ ਕੰਵਲ, ਮਹਾਨ ਪੰਜਾਬੀ ਲੇਖਕ;
8. ਸ਼੍ਰੀਮਤੀ ਲਾਚੀ ਬਾਵਾ, ਪੰਜਾਬੀ ਗਾਇਕਾ; ਅਤੇ
9. ਲੌਂਗੋਵਾਲ ਵਿਖੇ 15.2.2020 ਨੂੰ ਸਕੂਲ ਵੈਨ ਦੁਰਘਟਨਾ ਵਿੱਚ ਮਾਰੇ ਗਏ 4 ਬੱਚੇ ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਅਤੇ ਮਾਸੂਮ ਬਚਿਆਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਨ੍ਹਾਂ ਤੋਂ ਇਲਾਵਾ ਮਾਨਯੋਗ ਸਪੀਕਰ ਦੁਆਰਾ ਸ਼੍ਰੀ ਅਮਨ ਬਰਾੜ, ਨਿਊਜ਼ 18 ਦੇ ਸੀਨੀਅਰ ਪੱਤਰਕਾਰ ਨੂੰ ਵੀ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਤੋਂ ਇਲਾਵਾ ਸਰਦਾਰ ਬਿਕਰਮ ਸਿੰਘ ਮਜੀਠੀਆ ਦੁਆਰਾ ਲੌਂਗੋਵਾਲ ਵਿਖੇ 15.2.2020 ਨੂੰ ਸਕੂਲ ਵੈਨ ਦੁਰਘਟਨਾ ਵਿੱਚ ਮਾਰੇ ਗਏ 4 ਬੱਚਿਆਂ ਦੇ ਨਾਮ ਸਿਮਰਜੀਤ ਸਿੰਘ (5 ਸਾਲ), ਸੁਖਜੀਤ ਕੌਰ (6 ਸਾਲ), ਨਵਜੋਤ ਕੌਰ (5 ਸਾਲ) ਤੇ ਅਰਾਧਿਆ (6 ਸਾਲ), ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਜੇਲ੍ਹ ਮੰਤਰੀ ਦੁਆਰਾ ਤਰਨਤਾਰਨ ਆਤਸ਼ਬਾਜ਼ੀ ਚਲਾਉਦਿਆਂ ਮਾਰੇ ਗਏ ਵਿਅਕਤੀਆਂ, ਅਤੇ ਸਰਦਾਰ ਕੁਲਤਾਰ ਸਿਘ ਸੰਧਵਾਂ, ਐਮ.ਐਲ.ਏ ਦੁਆਰਾ ਖੰਨਾ ਤੋਂ ਸ਼੍ਰੀ ਦਲਬੀਰ ਸਿੰਘ, ਲੇਖਕ ਅਤੇ ਪੱਤਰਕਾਰ ਦੇ ਨਾਂ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਦੇ ਨਾਵਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਅਤੇ ਮਾਸੂਮ ਬਚਿਆਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

2. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿੱਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਸ਼ਰਧਾਂਜਲੀਆਂ ਭੇਂਟ ਕਰਨ ਉਪਰੰਤ ਸਤਿਕਾਰ ਵਜੋਂ ਸਦਨ 12.00 ਵਜੇ ਦੁਪਹਿਰ ਤੱਕ ਲਈ ਸਥਗਿੱਤ ਕੀਤਾ ਗਿਆ।

3. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 12 | 03 | - | 05 | 22 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 19

4. **ਮਾਨਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਨਯੋਗ ਸਪੀਕਰ ਵੱਲੋਂ ਸਰਦਾਰ ਦਲਜੀਤ ਬਰਾੜ, ਮੈਨੀਟੋਬਾ ਵਿਧਾਨ ਸਭਾ, ਕੈਨੇਡਾ ਅਤੇ ਉਨ੍ਹਾਂ ਦੇ ਸੁਪੱਤਰ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ।

5. **ਮਾਨਯੋਗ ਮੁੱਖ ਮੰਤਰੀ ਦੁਆਰਾ ਬਹਿਬਲ ਕਲਾਂ ਅਤੇ ਬਰਗਾੜੀ ਮਸਲੇ ਸਬੰਧੀ ਐਲਾਨ**

"ਬਹਿਬਲ ਕਲਾਂ, ਬਰਗਾੜੀ ਦਾ ਮਸਲਾ ਸੀ, ਉਹ ਬਹੁਤ ਦੇਰ ਤੋਂ ਚੱਲ ਰਿਹਾ ਸੀ। Contradictions ਰਹੀਆਂ, ਕੋਈ ਕੋਰਟ ਵਿੱਚ ਚਲਾ ਜਾਂਦਾ ਸੀ, ਕੋਈ ਕਿਤੇ ਕੋਰਟ ਵਿੱਚ ਜਾਂਦਾ ਸੀ। ਅਸੀਂ ਉਸ ਦੀ ਇਨਵੈਸਟੀਗੇਸ਼ਨ ਸ਼ੁਰੂ ਕੀਤੀ ਸੀ। ਸਾਡੇ ਤੋਂ ਪਹਿਲਾਂ ਜਿਹੜੀ ਸਰਕਾਰ ਸੀ, ਉਹ ਇਸ ਕੇਸ ਨੂੰ ਸੀ.ਬੀ.ਆਈ ਨੂੰ ਦੇ ਬੈਠੇ ਸਨ। ਫਿਰ ਸੀ.ਬੀ.ਆਈ ਨੇ ਲੋਅਰ ਕੋਰਟ ਵਿੱਚ ਇਕ ਕਲੋਜ਼ਰ ਰਿਪੋਰਟ ਵੀ ਫਾਈਲ ਕਰ ਦਿੱਤੀ। ਉਸ ਤੋਂ ਬਾਅਦ ਜਾ ਕੇ ਸੁਪਰੀਮ ਕੋਰਟ ਵਿੱਚ ਸੀ.ਬੀ.ਆਈ ਨੇ ਕੇਸ ਮੂਵ ਕਰ ਦਿੱਤਾ ਕਿ this matter should be looked at by them. ਅੱਜ ਖੁਸ਼ੀ ਇਸ ਗੱਲ ਦੀ ਹੈ ਕਿ ਜੋ ਹਾਊਸ ਦਾ ਫੈਸਲਾ ਸੀ, ਉਹ ਸੁਪਰੀਮ ਕੋਰਟ ਨੇ ਅਪਹੋਲਡ ਕਰ ਦਿੱਤਾ ਹੈ। ਸੀ.ਬੀ.ਆਈ. ਕੇਸ ਹਾਰ ਗਈ ਹੈ। ਹੁਣ ਇਸ ਦਾ ਜੋ ਨਿਚੋੜ ਕੱਢਣਾ ਹੈ, ਅਸੀਂ ਕੱਢਾਂਗੇ।"

6. **ਮਾਨਯੋਗ ਸਪੀਕਰ ਦੁਆਰਾ ਐਲਾਨ**

(i) **ਸਭਾਪਤੀ ਨਾਮਾਵਲੀ ਸਬੰਧੀ**

ਮਾਨਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13 (1) ਅਧੀਨ ਨਿਮਨਲਿਖਤ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ:

1. ਸਰਦਾਰ ਹਰਪ੍ਰਤਾਪ ਸਿੰਘ
2. ਸਰਦਾਰ ਗੁਰਕੀਰਤ ਸਿੰਘ ਕੋਟਲੀ
3. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ
4. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ

7. **ਸਕੱਤਰ ਦੁਆਰਾ ਐਲਾਨ**

ਸਕੱਤਰ ਵੱਲੋਂ 15ਵੀਂ ਵਿਧਾਨ ਸਭਾ ਦੁਆਰਾ ਇਸ ਦੇ ਦਸਵੇਂ (ਵਿਸ਼ੇਸ਼) ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਗਿਆ।

8. **ਧਿਆਨ ਦਿਵਾਊ ਨੋਟਿਸ**

1. **ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ. ਅਤੇ ਸ਼੍ਰੀ ਜੈ ਕ੍ਰਿਸ਼ਨ ਸਿੰਘ, ਐਮ.ਐਲ.ਏ. ਵਲੋਂ** ਪੀ.ਐਸ.ਟੀ.ਸੀ.ਐਲ ਕੰਪਨੀ ਦੁਆਰਾ ਬਲਾਂਵਾਲੀ ਥਰਮਲ ਪਲਾਂਟ ਤੋਂ ਤਲਵੰਡੀ ਸਾਬੋ ਰਿਫ਼ਾਇਨਰੀ ਤੱਕ ਕਿਸਾਨਾਂ ਦੀਆਂ ਜਮੀਨਾਂ ਉੱਤੇ ਬਿਜਲੀ ਦੇ ਖੰਭੇ ਲਗਾਉਣ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 1)

ਮੁੱਖ ਮੰਤਰੀ ਨੇ ਜਵਾਬ ਦਿੱਤਾ।

2. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ., ਸ਼੍ਰੀ ਬੁੱਧ ਰਾਮ, ਐਮ.ਐਲ.ਏ. ਅਤੇ ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ. ਵਲੋਂ** ਰਾਜ ਸਰਕਾਰ ਦੁਆਰਾ ਬੰਦ ਕੀਤੇ ਗਏ 1300 ਸਰਕਾਰੀ ਪ੍ਰਾਇਮਰੀ ਸਕੂਲਾਂ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 2)

ਸਕੂਲ ਸਿੱਖਿਆ ਮੰਤਰੀ ਨੇ ਜਵਾਬ ਦਿੱਤਾ।

3. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ., ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ. ਅਤੇ ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ. ਵਲੋਂ** ਪੰਜਾਬ ਸਰਕਾਰ ਦੁਆਰਾ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਮੁਫ਼ਤ ਵੰਡੀਆਂ ਜਾਂਦੀਆਂ ਦਵਾਈਆਂ ਨੂੰ ਬੰਦ ਕਰਨ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 3)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਜਵਾਬ ਦਿੱਤਾ।

9. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਦੁਪਹਿਰ ਦੇ ਖਾਣੇ ਲਈ ਸਦਨ 01.35 ਵਜੇ ਬਾਅਦ ਦੁਪਹਿਰ ਤੋਂ 02.30 ਵਜੇ ਬਾਅਦ ਦੁਪਹਿਰ ਤੱਕ ਲਈ ਸਥਗਿਤ ਕੀਤਾ ਗਿਆ।

10. <u>ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ</u>

ਮਾਨਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੁਆਰਾ ਮਿਤੀ 21.02.2020 ਤੋਂ 04.03.2020 ਨੂੰ ਕੀਤੇ ਜਾਣ ਵਾਲੇ ਕੰਮ-ਕਾਰ ਸਬੰਧੀ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਸਦਨ ਵਿਚ ਪੇਸ਼ ਕੀਤੀ।

ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ :-

> "ਕਿ ਇਹ ਸਦਨ ਕਾਰਜ-ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

ਸਰਦਾਰ ਕੁਲਤਾਰ ਸਿੰਘ ਸੰਧਵਾ, ਐਮ.ਐਲ.ਏ ਨੇ ਰਿਪੋਰਟ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ 01 ਮਿੰਟ ਲਈ ਬੋਲੇ।

11. <u>ਰਿਪੋਰਟਾਂ ਪੇਸ਼ ਕਰਨਾ</u>

ਵਿਸ਼ੇਸ਼ ਅਧਿਕਾਰ ਕਮੇਟੀ ਦੇ ਸਭਾਪਤੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) ਨੇ ਵਿਸ਼ੇਸ਼ ਅਧਿਕਾਰ ਦੇ ਮਾਮਲਿਆਂ ਸਬੰਧੀ ਨਿਮਨਲਿਖਤ ਦੁਆਰਾ ਉਠਾਏ ਗਏ ਮਾਮਲਿਆਂ ਤੇ ਪੰਜਵੀਂ/ਛੇਵੀਂ/ਸੱਤਵੀਂ ਅੰਤਰਿਮ ਰਿਪੋਰਟਾਂ ਪੇਸ਼ ਕੀਤੀਆਂ:-

i) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਦੁਆਰਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁੱਧ;

ii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਦੁਆਰਾ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਦੁਆਰਾ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iv) ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ., ਦੁਆਰਾ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਦੇ ਵਿਰੁੱਧ; ਅਤੇ

v) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਦੁਆਰਾ ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ. ਦੇ ਵਿਰੁੱਧ।

12. <u>ਮਤਾ</u>

ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ. ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਹੇਠ ਲਿਖਿਆ ਮਤਾ ਸਦਨ ਵਿਚ ਪੇਸ਼ ਕੀਤਾ ਅਤੇ ਮਤਾ ਪੇਸ਼ ਕਰਦੇ ਹੋਏ ਉਹ 09 ਮਿੰਟ ਲਈ ਬੋਲੇ -

> "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿਚ ਸਰਕਾਰੀ ਪ੍ਰਾਇਮਰੀ ਅਤੇ ਐਲੀਮੈਂਟਰੀ ਸਕੂਲਾਂ ਲਈ ਲੋੜੀਂਦੀਆਂ ਅਤੇ ਸੁਰੱਖਿਅਤ ਇਮਾਰਤਾਂ ਵਾਸਤੇ ਮਾਸਟਰ ਪਲਾਨ ਤਿਆਰ ਕਰਕੇ ਇਸ ਲਈ ਵਿਸ਼ੇਸ਼ ਫੰਡ ਮੁੱਹਈਆ ਕੀਤੇ ਜਾਣ ਅਤੇ ਇਸ ਸੋਸ਼ਲ ਪ੍ਰਾਜੈਕਟ ਲਈ ਦਿਲਚਸਪੀ ਰੱਖਣ ਵਾਲੇ ਪਰਵਾਸੀ ਭਾਰਤੀਆਂ ਦਾ ਸਹਿਯੋਗ ਵੀ ਲਿਆ ਜਾਵੇ।"

ਨਿਮਨਲਿਖਤ ਮੈਂਬਰ ਸਾਹਿਬਾਨ ਨੇ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ | 09 ਮਿੰਟ |
| 2. | ਸ਼੍ਰੀ ਨੱਥੂ ਰਾਮ, ਇੰਡੀਅਨ ਨੈਸ਼ਨਲ ਕਾਂਗਰਸ | 11 ਮਿੰਟ |
| 3. | ਡਾਕਟਰ ਸੁਖਵਿੰਦਰ ਕੁਮਾਰ, ਸ਼੍ਰੋਮਣੀ ਅਕਾਲੀ ਦਲ | 14 ਮਿੰਟ |
| 4. | ਸ਼੍ਰੀ ਬੁੱਧ ਰਾਮ, ਆਮ ਆਦਮੀ ਪਾਰਟੀ | 17 ਮਿੰਟ |
| 5. | ਸਰਦਾਰ ਕੁਲਜੀਤ ਸਿੰਘ ਨਾਗਰਾ, ਸਲਾਹਕਾਰ/ਮੁੱਖ ਮੰਤਰੀ | 17 ਮਿੰਟ |

6. ਪ੍ਰੋਫੈਸਰ ਬਲਜਿੰਦਰ ਕੌਰ, ਆਮ ਆਦਮੀ ਪਾਰਟੀ 09 ਮਿੰਟ
7. ਸਰਦਾਰ ਹਰਪ੍ਰਤਾਪ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ 09 ਮਿੰਟ
8. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ਼੍ਰੋਮਣੀ ਅਕਾਲੀ ਦਲ 03 ਮਿੰਟ

ਮਾਨਯੋਗ ਡਿਪਟੀ ਸਪੀਕਰ ਨੇ 02.47 ਵਜੇ ਬਾਅਦ ਦੁਪਹਿਰ ਤੋਂ 04.25 ਵਜੇ ਸ਼ਾਮ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਸੋਮਵਾਰ, ਮਿਤੀ 24 ਫਰਵਰੀ, 2020 ਦੇ 02.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ:
20 ਫਰਵਰੀ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।